# ਬੱਚਿਓ ਸਿਖੋ ਯਿਸੂ ਅਸਲ ਵਿੱਚ ਕੌਣ ਹੈ

ਪ੍ਰਾਰਥਨਾ : ''ਪਿਆਰੇ ਪ੍ਰਭੂ, ਕਿਰਪਾ ਕਰਕੇ ਬੱਚਿਆਂ ਨੂੰ ਉਸ ਜੀਵਨ ਦੀ ਪ੍ਰਸ਼ੰਸਾ ਕਰਨ ਵਿੱਚ ਮਦਦ ਕਰ, ਜਿਹੜਾ ਯਿਸੂ ਨੇ ਬਤੀਤ ਕੀਤਾ, ਅਤੇ ਵਿਸ਼ਵਾਸ ਕਰਨ ਵਿੱਚ ਮਦਦ ਕਰ ਕਿ ਉਹ ਇੱਕ ਸੱਚੇ ਪਰਮੇਸ਼ੁਰ ਦਾ ਪੁੱਤਰ ਹੈ, ਜਿਹੜਾ ਮਨੁੱਖ ਬਣਿਆ।''

ਬੱਚਿਆਂ ਦੀਆਂ ਇਨ੍ਹਾਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋਂ ਕੋਈ ਚੁਣੋ।

ਕਿਸੇ ਇਕ ਵੱਡੇ ਬੱਚੇ ਨੂੰ ਲੂਕਾ **19:28-40** ਵਿੱਚੋਂ ਯਿਸੂ ਦੇ ਯਰੂਸ਼ਲਮ ਵਿੱਚ ਆਖਰੀ ਸ਼ਾਹੀ ਦਾਖ਼ਲੇ ਬਾਰੇ ਦੱਸਣ ਦਿਓ। ਇਹ ਕਹਾਣੀ ਵਿਖਾਉਂਦੀ ਹੈ ਕਿ ਕਿਵੇਂ ਆਮ ਲੋਕਾਂ ਨੇ ਯਿਸੂ ਦੀ ਉਨ੍ਹਾਂ ਦੇ ਵਾਅਦਾ ਕੀਤੇ ਹੋਏ ਮਸੀਹ ਅਤੇ ਰਾਜਾ ਜਿਹੜਾ ਸਾਰੇ ਸੰਸਾਰ ਲਈ ਅਜ਼ਾਦੀ ਅਤੇ ਸ਼ਾਂਤੀ ਲਿਆਵੇਗਾ, ਉਸ ਦੇ ਰੂਪ ਵਿੱਚ ਵਡਿਆਈ ਕੀਤੀ।

ਕਹਾਣੀ ਦੱਸਣ ਤੋਂ ਬਾਅਦ ਇਹ ਪ੍ਰਸ਼ਨ ਪੁੱਛੋ। *(ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਗਿਆ ਹੈ।)*

- ਯਿਸੂ ਨੂੰ ਯਰੂਸ਼ਲਮ ਜਾਣ ਲਈ ਗਧੀ ਦਾ ਬੱਚਾ ਕਿਵੇਂ ਮਿਲਿਆ? *(30 ਆਇਤ ਵੇਖੋ)*
- ਚੇਲਿਆਂ ਨੇ ਗਧੀ ਦੇ ਬੱਚੇ ਦੇ ਮਾਲਕ ਨੂੰ ਕੀ ਕਿਹਾ? *(34 ਆਇਤ ਵੇਖੋ)*
- ਮੱਤੀ 21:8 ਦੱਸਦੀ ਹੈ ਕਿ ਲੋਕਾਂ ਨੇ ਰਸਤੇ ਤੇ ਯਿਸੂ ਅਗੇ ਬਿਰਛਾਂ ਦੀਆਂ ਡਾਲੀਆਂ ਵਿੱਛਾ ਦਿੱਤੀਆਂ। ਹੋਰ ਕਿਹੜੇ ਢੰਗ ਨਾਲ ਉਨ੍ਹਾਂ ਨੇ ਆਪਣੀ ਖੁਸ਼ੀ ਅਤੇ ਆਪਣੀ ਵਡਿਆਈ ਵਿਖਾਈ? *(36-37 ਆਇਤਾਂ)*
- ਲੋਕਾਂ ਨੇ ਕੀ ਕਿਹਾ, ਯਿਸੂ ਕੌਣ ਸੀ? *(38 ਆਇਤ)*
- ਯਿਸੂ ਨੇ ਕੀ ਕਿਹਾ ਕਿ ਹੋਵੇਗਾ, ਜੇਕਰ ਉਹ ਲੋਕਾਂ ਨੂੰ ਚੁੱਪ ਕਰਾਏਗਾ?'' *(39-40 ਆਇਤਾਂ)*

ਇਸ ਘਟਨਾ ਦੇ ਪਿਛੋਕੜ ਬਾਰੇ ਦੱਸੋ:

- ਯਿਸੂ ਉਸਦੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਐਤਵਾਰ ਨੂੰ ਯਰੂਸ਼ਲਮ ਆਇਆ।
- ਕੁਝ ਮਸੀਹੀ ਲੋਕ ਉਸ ਦਿਨ ਨੂੰ ਖਜ਼ੂਰੀ ਐਤਵਾਰ ਕਹਿੰਦੇ ਹਨ, ਕਿਉਂਕਿ ਲੋਕਾਂ ਨੇ ਯਰੂਸ਼ਲਮ ਨੂੰ ਜਾਂਦੇ ਹੋਏ, ਉਸਦੇ ਰਸਤੇ ਨੂੰ ਡਾਲੀਆਂ ਨਾਲ ਸਜਾਇਆ ਸੀ।



- ਯਿਸੂ ਮੌਤ ਤੋਂ ਜੀ ਉੱਠਣ ਤੋਂ ਇਕ ਹਫ਼ਤਾ ਪਹਿਲਾਂ ਯਰੂਸ਼ਲਮ ਵਿੱਚ ਦਾਖਲ ਹੋਇਆ। ਇਤਹਾਸ ਦੀਆਂ ਸਭ ਤੋਂ ਮਹੱਤਵਪੂਰਨ ਘਟਨਾਵਾਂ ਉਸ ਹਫ਼ਤੇ ਦੌਰਾਨ ਵਾਪਰੀਆਂ।
- ਕੁਝ ਆਗੂ ਅਤੇ ਹਕੂਮਤ ਅਧਿਕਾਰੀ ਉਸ ਨਾਲ ਈਰਖਾ ਕਰਦੇ ਸਨ ਅਤੇ ਡਰਦੇ ਸਨ ਕਿ ਉਹ ਉਨ੍ਹਾਂ ਦੀ ਹਕੂਮਤ ਦੇ ਅਹੁੱਦਿਆਂ ਨੂੰ ਖੋਹ ਲਵੇਗਾ।
- ਬਹੁਤ ਸਾਰੇ ਲੋਕ ਯਿਸੂ ਦੁਆਰਾ ਚੰਗੇ ਹੋਏ ਸਨ ਅਤੇ ਜਾਣਦੇ ਸਨ ਕਿ ਉਹ ਮਸੀਹ ਸੀ, ਜਿਸਦੇ ਬਾਰੇ ਪੁਰਾਣੇ ਨੇਮ ਦੇ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ, ਕਿ ਉਹ ਸੰਸਾਰ ਵਿੱਚ ਆਵੇਗਾ।

- ਯਿਸੂ ਪਰਮੇਸ਼ੁਰ ਹੈ ਜਿਹੜਾ ਮਨੁੱਖ ਬਣਿਆ। ਉਹ ਇਕ ਦੂਤ ਜਾਂ ਪਰਮੇਸ਼ੁਰ ਅਤੇ ਮਨੁੱਖਾਂ ਵਿੱਚਕਾਰ ਕੋਈ ਚੀਜ਼ ਨਹੀਂ ਹੈ। ਉਹ ਪਰਮੇਸ਼ੁਰ ਅਤੇ ਮਨੁੱਖ ਦੋਵੇਂ ਹੈ, ਧਰਤੀ ਅਤੇ ਸਵਰਗ ਵਿੱਚ ਸਿਰਫ ਇਕੋ ਪੁਲ।

ਲੂਕਾ 19:28-40 ਵਿੱਚੋਂ ਯਿਸੂ ਦੇ ਸ਼ਾਹੀ ਦਾਖ਼ਲੇ ਦੀ ਕਹਾਣੀ ਦੇ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਮੰਡਲੀ ਵਿੱਚ ਅਰਾਧਨਾ ਕਰਨ ਵਾਲੇ ਮੁੱਖ ਆਗੂਆਂ ਨਾਲ ਮਿਲਕੇ ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਬੱਚਿਆਂ ਨੂੰ ਸਿੱਖਿਆ ਦੇਣ ਦੇ ਸਮੇਂ ਦਾ ਪ੍ਰਯੋਗ ਤਿਆਰੀ ਲਈ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- ਜੇਕਰ ਸਾਰੇ ਭਾਗਾਂ ਲਈ ਕਾਫੀ ਲੋਕ ਨਹੀਂ ਹਨ, ਤਾਂ ਕਥਾਵਾਚਕ ਨੂੰ ਉਨ੍ਹਾਂ ਭਾਗਾਂ ਨੂੰ ਸਰਲ ਰੂਪ ਵਿੱਚ ਕਹਿਣ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਯਿਸੂ, ਗਧਾ, ਗਧੇ ਦਾ ਮਾਲਕ ਅਤੇ ਕਥਾਵਾਚਕ, ਜਿਹੜਾ ਕਹਾਣੀ ਦਾ ਖ਼ੁਲਾਸਾ ਕਰਦਾ ਹੈ ਅਤੇ ਬੱਚਿਆਂ ਨੂੰ ਯਾਦ ਕਰਾਉਂਦਾ ਹੈ, ਜੋ ਉਨ੍ਹਾਂ ਨੇ ਕਰਨਾ ਅਤੇ ਕਹਿਣਾ ਹੈ, ਦਾ ਕਿਰਦਾਰ ਨਿਭਾਉਣ ਦਿਓ।
- ਛੋਟੇ ਬੱਚਿਆਂ ਨੂੰ ਚੇਲਿਆਂ, ਫ਼ਰੀਸੀਆਂ ਅਤੇ ਭੀੜ ਦਾ ਕਿਰਦਾਰ ਨਿਭਾਉਣ ਦਿਓ। ਚੇਲੇ ਅਤੇ ਬੱਚੇ ਜਿਹੜੇ ਭੀੜ ਹਨ, ਉਨ੍ਹਾਂ ਕੋਲ ਬਿਰਛਾਂ ਦੀਆਂ ਡਾਲੀਆਂ, ਕੋਟ ਜਾਂ ਕੱਪੜੇ ਹੋਣ।

**ਕਥਾਵਾਚਕ** : ਲੂਕਾ 19:28-35 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੇ। ਫਿਰ ਕਹੇ, ''ਸੁਣੋ ਯਿਸੂ ਆਪਣੇ ਚੇਲਿਆਂ ਨੂੰ ਕੀ ਕਹਿੰਦਾ ਹੈ?''

**ਯਿਸੂ** : ''ਸਮਾਂ ਆ ਗਿਆ ਹੈ ਕਿ ਮੈਂ ਯਰੂਸ਼ਲਮ ਵਿੱਚ ਜਾਵਾਂ। ਸਾਹਮਣੇ ਪਿੰਡ ਵਿੱਚ ਜਾਓ ਅਤੇ ਗਧੇ ਨੂੰ ਖੋਲ ਕੇ ਲਿਆਓ। ਮਾਲਕ ਨੂੰ ਕਹਿਣਾ, ਪ੍ਰਭੂ ਨੂੰ ਇਹ ਦੀ ਲੋੜ ਹੈ।''

**ਚੇਲੇ**: ਗਧੇ ਦੇ ਬੱਚੇ ਕੋਲ ਜਾਓ, ਇਸ ਨੂੰ ਖੋਲਣ ਦਾ ਢੌਂਗ ਕਰੋ, ਅਤੇ ਇਸ ਉੱਤੇ ਕੋਟ ਪਾਓ।

**ਗਧੇ ਦਾ ਮਾਲਕ** : ''ਰੁੱਕੋ! ਤੁਸੀਂ ਮੇਰੇ ਗਧੇ ਨਾਲ ਕੀ ਕਰ ਰਹੇ ਹੋ?''

**ਚੇਲੇ** : ''ਪ੍ਰਭੂ ਨੂੰ ਇਸ ਦੀ ਲੋੜ ਹੈ।''

**ਗਧੇ ਦਾ ਮਾਲਕ** : ''ਠੀਕ ਹੈ, ਲੈ ਜਾਓ।''

**ਚੇਲੇ** : ਗਧੇ ਨੂੰ ਯਿਸੂ ਕੋਲ ਲੈ ਜਾਓ।

**ਯਿਸੂ** : ਗਧੇ ਤੇ ਸਵਾਰ ਹੋਵੇ।

**ਗਧੇ ਦਾ ਮਾਲਕ** : ''ਵੇਖੋ! ਯਿਸੂ ਮੇਰੀ ਗਧੀ ਦੇ ਬੱਚੇ ਤੇ ਸਵਾਰੀ ਕਰ ਰਿਹਾ ਹੈ, ਜਿਸ ਤੇ ਕਦੀ ਕੋਈ ਸਵਾਰ ਨਹੀਂ ਹੋਇਆ।”

**ਕਥਾਵਾਚਕ** : ਲੂਕਾ 19:36-40 ਵਿੱਚੋਂ ਕਹਾਣੀ ਦਾ ਦੂਜਾ ਭਾਗ ਦੱਸੇ। ਫਿਰ ਕਹੇ, ''ਸੁਣੋ ਭੀੜ ਕੀ ਕਹਿੰਦੀ ਹੈ।''

**ਭੀੜ** : ਆਪਣੇ ਕੋਟ ਅਤੇ ਕੱਪੜੇ ਲਾਹ ਕੇ ਯਿਸੂ ਸਾਹਮਣੇ ਰੱਖ ਦੇਣ। ਡਾਲੀਆਂ ਨੂੰ ਲਹਿਰਾਉਣ ਅਤੇ ਥੱਲੇ ਰੱਖ ਦੇਣ, ਉੱਚੀ ਅਵਾਜ਼ ਨਾਲ ਕਹਿਣ, ''ਪਰਮੇਸ਼ੁਰ ਦੀ ਵਡਿਆਈ ਹੋਵੇ'', ''ਹੋਸੰਨਾ!'' ''ਪਾਤਸ਼ਾਹ ਆ ਰਿਹਾ ਹੈ!''

**ਫ਼ਰੀਸੀ** : (ਗੁੱਸੇ ਨਾਲ) ''ਯਿਸੂ, ਆਪਣੇ ਚੇਲਿਆਂ ਨੂੰ ਅਜਿਹੀਆਂ ਗੱਲਾਂ ਕਹਿਣ ਤੋਂ ਰੋਕ!''

**ਯਿਸੂ** : ''ਜੇਕਰ ਉਹ ਚੁੱਪ ਰਹਿਣਗੇ, ਤਾਂ ਪੱਥਰ ਬੋਲ ਉੱਠਣਗੇ।”

**ਕਥਾਵਾਚਕ ਜਾਂ ਵੱਡਾ ਬੱਚਾ** : ਜਦੋਂ ਨਾਟਕ ਖਤਮ ਹੋ ਜਾਵੇ, ਤਾਂ ਹਰ ਇਕ ਦਾ ਧੰਨਵਾਦ ਕਰੋ ਜਿਨ੍ਹਾਂ ਨੇ ਸਾਡੀ ਮਦਦ ਕੀਤੀ ਹੈ।

**ਪ੍ਰਸ਼ਨ**: ਜੇਕਰ ਬੱਚੇ ਇਸ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਬਾਲਗਾਂ ਲਈ ਪੇਸ਼ ਕਰਨ, ਤਾਂ ਉਨ੍ਹਾਂ ਨੂੰ ਵੀ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ, ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।


ਕਵਿਤਾ : ਕਾਫੀ ਬੱਚਿਆਂ ਨੂੰ ਜ਼ਬੂਰਾਂ ਦੀ ਪੋਥੀ 118:22-24, 26 ਅਤੇ 28 ਵਿੱਚੋਂ ਆਇਤਾਂ ਪੜ੍ਹਨ ਦਿਓ।

ਬੱਚਿਆਂ ਨੂੰ ਕਹੋ ਕਿ ਉਹ ਹੋਰ ਕਈ ਢੰਗ ਵੀ ਦੱਸਣ, ਜਿਸ ਨਾਲ ਅਸੀਂ ਯਿਸੂ ਦੀ ਪ੍ਰਭੂ ਅਤੇ ਪਾਤਸ਼ਾਹ ਦੇ ਤੌਰ ਤੇ ਵਡਿਆਈ ਕਰ ਸਕਦੇ ਹਾਂ। ਬੱਚਿਆਂ ਅਤੇ ਬਾਲਗਾਂ ਨੂੰ ਉਦਾਹਰਣਾਂ ਦੇਣ ਦਿਓ।

ਖਜ਼ੂਰ ਦੀ ਟਹਿਣੀ ਦਾ ਚਿੱਤਰ ਬਣਾਓ ਅਤੇ ਬੱਚਿਆਂ ਨੂੰ ਇਸਦੀ ਨਕਲ ਕਰਨ ਦਿਓ।



- ਵੱਡੇ ਬੱਚੇ ਖਜ਼ੂਰ ਦਾ ਬਿਰਛ ਬਣਾ ਸਕਦੇ ਹਨ।



- ਬੱਚਿਆਂ ਨੂੰ ਆਪਣੇ ਚਿੱਤਰ ਬਾਲਗਾਂ ਨੂੰ ਅਗਲੇ ਅਰਾਧਨਾ ਸਮੇਂ ਵਿੱਚ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਡਾਲੀਆਂ ਇਸ ਗੱਲ ਦੀ ਉਦਾਹਰਣ ਦੇਂਦੀਆਂ ਹਨ ਕਿ ਕਿਵੇਂ ਸਾਨੂੰ ਮਸੀਹ ਦੀ ਵਡਿਆਈ, ਪ੍ਰਭੂ ਅਤੇ ਪਾਤਸ਼ਾਹ ਦੇ ਰੂਪ ਵਿੱਚ ਕਰਨੀ ਚਾਹੀਦੀ ਹੈ।

ਯੂਹੰਨਾ 14:6 ਯਾਦ ਕਰੋ।

ਪ੍ਰਾਰਥਨਾ : "ਪਿਆਰੇ ਪ੍ਰਭੂ, ਸਿਰਫ ਤੂੰ ਹੀ ਸਾਡਾ ਪਰਮੇਸ਼ੁਰ ਹੈਂ। ਅਸੀਂ ਤੇਰੀ ਅਰਾਧਨਾ ਕਰਦੇ ਹਾਂ। ਹਾਲਾਂਕਿ ਕੁਝ ਲੋਕ ਹਾਲੇ ਤੱਕ ਨਹੀਂ ਜਾਣਦੇ ਕਿ ਅਸਲ ਵਿੱਚ ਤੂੰ ਕੌਣ ਹੈ? ਅਸੀਂ ਜਾਣਦੇ ਹਾਂ ਤੂੰ ਅਦਭੁੱਤ ਹੈ। ਇਸੇ ਲਈ ਅਸੀਂ ਤੇਰੀ ਉਸਤਤ ਕਰਦੇ ਹਾਂ। ਤੇਰੇ ਬਾਰੇ ਦੂਜਿਆਂ ਨੂੰ ਦੱਸਣ ਵਿੱਚ ਸਾਡੀ ਮਦਦ ਕਰ, ਤਾਂ ਜੋ ਉਹ ਵੀ ਤੇਰੀ ਉਸਤਤ ਕਰਨ ਲਈ ਆਉਣ।"

Copyright 2004 © by Paul-Timothy. May be freely copied. Download from www.Paul-Timothy.net